ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ , ਐਸ.ਏ.ਐਸ.ਨਗਰ

(ਦਫਤਰੀ ਅਮਲਾ ਸ਼ਾਖਾ)

ਸੇਵਾ ਵਿਖੇ,

1 ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐਸਿ)
2 ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਇੰਨ ਸਰਵਿਸ ਟ੍ਰੇਨਿੰਗ ਸੈਂਟਰ
3 ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਡਾਇਟਸ
4 ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਜਾਬ ਰਾਜ।

ਮੀਮੋ ਨੰ: 11/258-2012 ਐਮ.ਈ.(6) |2021 90855-858
ਮਿਤੀ : 15|03|2021

ਵਿਸ਼ਾ- ਸਰਕਾਰੀ ਸਕੂਲਾਂ / ਸੰਸਥਾਵਾਂ ਵਿੱਚ ਕੰਮ ਕਰਦੇ ਗਰੁੱਪ ਡੀ ਦੇ ਕਰਮਚਾਰੀ ਜੋ ਬਤੌਰ ਚੌਕੀਦਾਰ ਸੇਵਾਵਾਂ ਨਿਭਾ ਰਹੇ ਹਨ ਨੂੰ ਹਫਤਾ ਵਾਰੀ ਰੈਸਟ ਦੇਣ ਸਬੰਧੀ।

ਹਵਾਲਾ- ਇਸ ਦਫਤਰ ਦੇ ਪੱਤਰ ਨੰ: 11/258-2012 ਐਮ.ਈ.(6) /7281 ਮਿਤੀ 28-9-2015 ਦੀ ਲਗਾਤਾਰਤਾ ਵਿੱਚ।

ਸ੍ਰੀ ਬਿਕਰਮ ਸਿੰਘ ਅਤੇ ਹੋਰ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 22217/2017 ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਦਾਇਰ ਕਰਕੇ ਮੰਗ ਕੀਤੀ ਗਈ ਸੀ ਕਿ ਸਰਕਾਰੀ ਸਕੂਲਾਂ ਵਿੱਚ ਬਤੌਰ ਚੌਕੀਦਾਰ ਕੰਮ ਕਰ ਰਹੇ ਕਰਮਚਾਰੀਆਂ ਨੂੰ ਹਫਤਾ ਵਾਰੀ ਰੈਸਟ ਅਤੇ ਗਜਟਿੱਡ ਛੁੱਟੀਆ ਆਦਿ ਨਹੀ ਹਨ। ਇਸ ਲਈ ਉਹਨਾਂ ਦੀ ਡਿਊਟੀ ਦਾ ਸਮਾਂ ਦੂਜੇ ਦਰਜਾ -4 ਕੰਮ ਕਰਦੇ ਕਰਮਚਾਰੀਆਂ ਦੇ ਬਰਾਬਰ ਕੀਤਾ ਜਾਵੇ।

2 ਚੌਕੀਦਾਰਾਂ ਨੂੰ ਹਫਤਾ ਵਾਰੀ ਰੈਸਟ ਦੇਣ ਸਬੰਧੀ ਮਾਮਲੇ ਤੇ ਸਰਕਾਰ ਵੱਲੋਂ ਮੁੜ ਵਿਚਾਰ ਕੀਤਾ ਗਿਆ ਹੈ ਅਤੇ ਇਸ ਸੰਬਧੀ ਲਏ ਗਏ ਫੈਸਲਾ ਬਾਰੇ ਮੀਮੋ ਨੰ: 21/217/123ਸਿ3/591158/1 ਮਿਤੀ 17-9-2015 ਰਾਹੀਂ ਸੂਚਿਤ ਕੀਤਾ ਗਿਆ। ਅਜਿਹੇ ਗਰੁੱਪ ਦੇ ਕਰਮਚਾਰੀਆਂ ਦੀਆਂ ਸਮੱਸਿਆਵਾ ਨੂੰ ਮੁੱਖ ਰੱਖਦੇ ਹੋਏ , ਇਹ ਫੈਸਲਾ ਕੀਤਾ ਗਿਆ ਹੈ ਕਿ ਗਰੁੱਪ – ਡੀ ਅਧੀਨ ਸਰਕਾਰੀ ਸਕੂਲਾਂ ਅਤੇ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ ਵਿੱਚ ਬਤੌਰ ਚੌਕੀਦਾਰ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਹਫਤਾਵਾਰੀ ਰੈਸਟ ਦਿੱਤੀ ਜਾਵੇ। ਇਹ ਯਕੀਨੀ ਬਣਾ ਲਿਆ ਜਾਵੇ ਕਿ ਇਹ ਹਫਤਾਵਾਰੀ ਦਿੱਤੀ ਜਾਣ ਵਾਲੀ ਰੈਸਟ ਦਾ ਦਿਨ ਪ੍ਰਬੰਧਕੀ ਪੱਖੋਂ ਢੁਕਵਾਂ ਹੋਵੇ। ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾ ਲਿਆ ਜਾਵੇ ਕਿ ਜਿੱਥੇ ਸਿੰਗਲ ਕਰਮਚਾਰੀ ਸਕੂਲ/ਦਫਤਰ/ ਸੰਸਥਾ ਵਿਖੇ ਬਤੌਰ ਚੌਕੀਦਾਰ ਸੇਵਾ ਨਿਭਾ ਰਿਹਾ ਹੈ , ਉੱਥੇ ਕਿਸੇ ਹੋਰ ਗਰੁੱਪ ਡੀ ਕਰਮਚਾਰੀ ਦੀਆਂ ਸੇਵਾਵਾਂ ਹਫਤਾ ਵਾਰੀ ਰੈਸਟ ਲਈ ਬਤੌਰ ਚੌਕੀਦਾਰ ਡਿਊਟੀ ਬਦਲ–ਬਦਲ ਕੇ ਲਗਾਈ ਜਾਵੇ ਅੱਤੇ ਅਜਿਹੇ ਕਰਮਚਾਰੀਆਂ ਨੂੰ ਸੇਵਾਵਾਂ ਨਿਭਾਉਣ ਲਈ ਵੀ ਕੋਈ ਵਾਧੂ ਮਾਨ ਭੱਤਾ ਨਹੀ ਦਿੱਤਾ ਜਾਵੇਗਾ। ਕੇਵਲ ਇਸ ਬਦਲਵੇ ਪ੍ਰਬੰਧ ਨੂੰ ਕਰਨ ਲਈ ਵੱਖ-ਵੱਖ ਸੰਸਥਾਵਾਂ ਵਿੱਚ ਗਰੁਪ-ਡੀ ਸੇਵਾਵਾਂ ਅਧੀਨ ਕੰਮ ਕਰਦੇ ਸਾਰੇ ਕਰਮਚਾਰੀ ਸਬੰਧਤ ਕੰਪਲੈਕਸ ਸਕੂਲ ਦੇ ਡੀ.ਡੀ.ਓ.ਦੀ ਡਿਸਪੋਜ਼ਲ ਤੇ ਹੋਣਗੇ ।

3 ਉਕਤ ਹਦਾਇਤਾਂ ਦੀ ਇੰਨਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ